ਸਤੰਬਰ 8, 2024

ਪਿੰਤੇਕੁਸਤ ਤੋਂ ਬਾਅਦ 16ਵਾਂ ਐਤਵਾਰ

ਵਿਸ਼ਵਾਸੀਆਂ ਲਈ ਕੁੱਝ ਵੀ ਅਸੰਭਵ ਨਹੀਂ ਹੈ

ਕੂਚ ਦੀ ਪੋਥੀ ਅਧਿਆਇ 4 ਆਇਤਾਂ 10 ਤੋਂ ਲੈ ਕੇ 17 ਤੀਕ

ਜ਼ਬੂਰਾਂ ਦੀ ਪੋਥੀ ਅਧਿਆਇ 124

ਅਫ਼ਸੀਆਂ ਅਧਿਆਇ 6 ਆਇਤਾਂ 10 ਤੋਂ ਲੈ ਕੇ 18 ਤੀਕ

ਮਰਕੁਸ ਅਧਿਆਇ 9 ਆਇਤਾਂ 14 ਤੋਂ ਲੈ ਕੇ 29 ਤੀਕ

ਸਾਡੇ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਵੱਲੋਂ ਤੁਹਾਨੂੰ ਕਿਰਪਾ ਅਤੇ ਸ਼ਾਂਤੀ ਮਿਲੇ। ਪਿੰਤੇਕੁਸਤ ਤੋਂ ਬਾਅਦ ਇਸ 16ਵੇਂ ਐਤਵਾਰ ਵਿੱਚ, ਅਸੀਂ ਇੱਕ ਅਜਿਹੇ ਵਿਸ਼ੇ ਦੀ ਪੜਚੋਲ ਕਰਨ ਲਈ ਇਕੱਠੇ ਹੋਏ ਹਾਂ, ਜਿਹੜਾ ਸਾਡੇ ਮਸੀਹੀ ਜੀਉਣ ਲਈ ਬੁਨਿਆਦੀ ਹੈ: ਅਰਥਾਤ ਵਿਸ਼ਵਾਸ। ਬਾਈਬਲ ਵਾਰੀ-ਵਾਰ ਵਿਸ਼ਵਾਸ ਦੀ ਸ਼ਕਤੀ ਅਤੇ ਮਹੱਤਤਾ 'ਤੇ ਜ਼ੋਰ ਦਿੰਦੀ ਹੈ, ਅਤੇ ਸਾਨੂੰ ਯਾਦ ਦਿਵਾਉਂਦੀ ਹੈ ਕਿ ਵਿਸ਼ਵਾਸ ਕਰਨ ਵਾਲਿਆਂ ਲਈ ਕੁੱਝ ਵੀ ਅਸੰਭਵ ਨਹੀਂ ਹੈ। ਅੱਜ, ਅਸੀਂ ਕੂਚ ਦੀ ਪੋਥੀ ਅਧਿਆਇ 4 ਆਇਤਾਂ 10 ਤੋਂ ਲੈ ਕੇ 17 ਤੀਕ, ਜ਼ਬੂਰਾਂ ਦੀ ਪੋਥੀ ਅਧਿਆਇ 124, ਅਫ਼ਸੀਆਂ ਅਧਿਆਇ 6 ਆਇਤਾਂ 10 ਤੋਂ ਲੈ ਕੇ 18 ਤੀਕ, ਅਤੇ ਮਰਕੁਸ ਅਧਿਆਇ 9 ਆਇਤਾਂ 14 ਤੋਂ ਲੈ ਕੇ 29 'ਤੇ ਧਿਆਨ ਦਿੰਦੇ ਹੋਏ, ਬਾਈਬਲ ਦੀ ਅੱਖਾਂ ਤੋਂ ਇਸ ਸੱਚਿਆਈ ਦੀ ਡੂੰਘਿਆਈ ਨਾਲ ਖੋਜ ਕਰਾਂਗੇ। ਅਸੀਂ ਵਿਸ਼ਵਾਸ ਦੇ ਧਰਮ ਵਿਗਿਆਨ 'ਤੇ ਵਿਚਾਰ ਕਰਾਂਗੇ ਅਤੇ ਇਹ ਵੇਖਾਂਗੇ ਕਿ ਕਿਵੇਂ ਸਾਨੂੰ ਰੁਕਾਵਟਾਂ ਨੂੰ ਪਾਰ ਕਰਨ, ਚੁਣੌਤੀਆਂ ਦਾ ਸਾਹਮਣਾ ਕਰਨ, ਅਤੇ ਪਰਮੇਸ਼ੁਰ ਦੇ ਵਾਅਦਿਆਂ 'ਤੇ ਭਰੋਸਾ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ, ਭਾਵੇਂ ਉਹ ਕਿੰਨੇ ਵੀ ਅਸੰਭਵ ਕਿਉਂ ਨਾ ਹੋਣ।

**ਪਹਿਲਾ ਵਿਚਾਰ. ਵਿਸ਼ਵਾਸ ਕਰਨ ਲਈ ਸੰਘਰਸ਼ (ਕੂਚ ਦੀ ਪੋਥੀ ਅਧਿਆਇ 4 ਆਇਤਾਂ 10 ਤੋਂ ਲੈ ਕੇ 17 ਤੀਕ)**

ਕੂਚ ਦੀ ਪੋਥੀ ਅਧਿਆਇ 4 ਆਇਤਾਂ 10 ਤੋਂ ਲੈ ਕੇ 17 ਵਿੱਚ, ਅਸੀਂ ਮੂਸਾ ਨੂੰ ਮਿਲਦੇ ਹਾਂ, ਇੱਕ ਅਜਿਹਾ ਵਿਅਕਤੀ ਜਿਸਨੂੰ ਪਰਮੇਸ਼ੁਰ ਨੇ ਮਿਸਰ ਦੀ ਗ਼ੁਲਾਮੀ ਵਿੱਚੋਂ ਆਪਣੇ ਲੋਕਾਂ ਦੀ ਅਗਵਾਈ ਕਰਨ ਲਈ ਚੁਣਿਆ ਸੀ। ਇਸ਼ਵਰੀ ਸੱਦੇ ਦੇ ਹੋਣ ਤੋਂ ਬਾਵਜੂਦ, ਮੂਸਾ ਸ਼ੱਕ ਅਤੇ ਅਸੁਰੱਖਿਆ ਨਾਲ ਸੰਘਰਸ਼ ਕਰਦਾ ਹੈ। ਉਹ ਪਰਮੇਸ਼ੁਰ ਦਾ ਵਿਰੋਧ ਕਰਦਾ ਹੋਇਆ ਕਹਿੰਦਾ ਹੈ ਕਿ, "ਹੇ ਪ੍ਰਭੂ ਮੈਂ ਧੜੱਲੇ ਦਾਰ ਗੱਲਾਂ ਕਰਨ ਵਾਲਾ ਮਨੁੱਖ ਨਹੀਂ ਹਾਂ ਨਾ ਅੱਗੇ ਸਾਂ ਨਾ ਜਦ ਤੋਂ ਤੂੰ ਆਪਣੇ ਦਾਸ ਨਾਲ ਬੋਲਿਆ ਕਿਉਂ ਜੋ ਮੇਰੀ ਬੋਲੀ ਢਿੱਲੀ ਹੈ ਅਤੇ ਮੇਰੀ ਜੀਭ ਮੋਟੀ ਹੈ" (ਕੂਚ ਦੀ ਪੋਥੀ ਅਧਿਆਇ 4 ਆਇਤ 10)। ਮੂਸਾ ਦੀ ਝਿਜਕ ਇੱਕ ਸਾਂਝੇ ਸੰਘਰਸ਼ ਨੂੰ ਵਿਖਾਲਦੀ ਹੈ, ਜਿਸਦਾ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਸਾਹਮਣਾ ਕਰਦੇ ਹਨ - ਇਹ ਸਾਡੀਆਂ ਆਪਣੀਆਂ ਕਾਬਲੀਅਤਾਂ 'ਤੇ ਸ਼ੱਕ ਕਰਨਾ ਅਤੇ ਸਾਡੇ ਵੱਲੋਂ ਪਰਮੇਸ਼ੁਰ ਦੀ ਸ਼ਕਤੀ ਵਿੱਚ ਵਿਸ਼ਵਾਸ ਦੀ ਕਮੀ ਨੂੰ ਵਿਖਾਲਦੀ ਹੈ। ਮੂਸਾ ਨੂੰ ਪਰਮੇਸ਼ੁਰ ਦਾ ਜੁਵਾਬ ਤਸੱਲੀ ਦੇਣ ਵਾਲਾ ਅਤੇ ਸ਼ਕਤੀ ਪ੍ਰਦਾਨ ਕਰਨ ਵਾਲਾ ਹੈ। ਉਹ ਮੂਸਾ ਨੂੰ ਯਾਦ ਦਿਵਾਉਂਦਾ ਹੈ ਕਿ ਉਹ ਮਨੁੱਖੀ ਸਮਰੱਥਾ ਸਮੇਤ ਸਾਰੀਆਂ ਚੀਜ਼ਾਂ ਦਾ ਸਿਰਜਣਹਾਰ ਹੈ: "ਆਦਮੀ ਦਾ ਮੂੰਹ ਕਿਸ ਬਣਾਇਆ ਅਤੇ ਕੌਣ ਗੁੰਗਾ ਯਾ ਬੋਲਾ ਯਾ ਸੁਜਾਖਾ ਯਾ ਅੰਨ੍ਹਾ ਬਣਾਉਂਦਾ ਹੈ? ਭਲਾ, ਮੈਂ ਯਹੋਵਾਹ ਹੀ ਨਹੀਂ? ਸੋ ਹੁਣ ਤੂੰ ਜਾਹ। ਮੈਂ ਤੇਰੇ ਮੂੰਹ ਦੇ ਨਾਲ ਹੋਵਾਂਗਾ ਅਤੇ ਜੋ ਕੁਝ ਤੈਂ ਬੋਲਣਾ ਹੈ" (ਕੂਚ ਦੀ ਪੋਥੀ 4 ਆਇਤਾਂ 11 ਤੋ ਲੈ ਕੇ 12 ਤੀਕ)। ਪਰਮੇਸ਼ੁਰ ਦਾ ਜੁਵਾਬ ਵਿਸ਼ਵਾਸ ਦੇ ਇੱਕ ਮਹੱਤਵਪੂਰਣ ਪਹਿਲੂ ਨੂੰ ਉਜਾਗਰ ਕਰਦਾ ਹੈ: ਅਰਥਾਤ ਇਹ ਸਾਡੀ ਕਾਬਲੀਅਤ ਦੇ ਬਾਰੇ ਨਹੀਂ ਹੈ, ਪਰ ਪਰਮੇਸ਼ੁਰ ਦੀ ਸ਼ਕਤੀ ਵਿੱਚ ਭਰੋਸਾ ਕਰਨ ਦੇ ਬਾਰੇ ਹੈ। ਜਦੋਂ ਪਰਮੇਸ਼ੁਰ ਸਾਨੂੰ ਕਿਸੇ ਕੰਮ ਲਈ ਸੱਦਦਾ ਹੈ, ਤਾਂ ਉਹ ਸਾਨੂੰ ਇਸਦੇ ਲਈ ਤਿਆਰ ਵੀ ਕਰਦਾ ਹੈ। ਵਿਸ਼ਵਾਸ ਕਰਨ ਲਈ, ਸਾਨੂੰ ਆਪਣੀ ਅਸੁਰੱਖਿਆ ਤੋਂ ਪਰੇ ਜਾਣ ਦੀ ਲੋੜ ਹੈ ਅਤੇ ਭਰੋਸਾ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਸਾਨੂੰ ਉਹ ਪ੍ਰਦਾਨ ਕਰੇਗਾ, ਜੋ ਸਾਨੂੰ ਚਾਹੀਦਾ ਹੈ। ਮੂਸਾ ਦਾ ਅਖੀਰ ਵਿੱਚ ਆਗਿਆਕਾਰੀ ਹੋਣਾ, ਉਸਦੀ ਸ਼ੁਰੂਆਤੀ ਝਿਜਕ ਦੇ ਬਾਵਜੂਦ, ਇਹ ਦਰਸਾਉਂਦਾ ਹੈ ਕਿ ਵਿਸ਼ਵਾਸ ਕਰਨਾ ਸ਼ੱਕ ਦੀ ਅਣਹੋਂਦ ਨਹੀਂ ਹੈ, ਸਗੋਂ ਇਸਦੇ ਬਾਵਜੂਦ

ਕੰਮ ਕਰਨ ਦੀ ਇੱਛਿਆ ਹੈ। ਇਹ ਹਵਾਲਾ ਸਾਨੂੰ ਸਿਖਾਉਂਦਾ ਹੈ ਕਿ ਜਦੋਂ ਅਸੀਂ ਆਪਣੀ ਤਾਕਤ ਦੀ ਬਜਾਏ ਪਰਮੇਸ਼ੁਰ ਦੀ ਤਾਕਤ 'ਤੇ ਭਰੋਸਾ ਕਰਦੇ ਹਾਂ, ਤਾਂ ਕੁੱਝ ਵੀ ਅਸੰਭਵ ਨਹੀਂ ਰਹਿੰਦਾ।

**ਦੂਜਾ ਵਿਚਾਰ. ਪਰਮੇਸ਼ੁਰ ਦੀ ਸੁਰੱਖਿਆ ਦਾ ਭਰੋਸਾ (ਜ਼ਬੂਰਾਂ ਦੀ ਪੋਥੀ ਅਧਿਆਇ 124)**

ਜ਼ਬੂਰਾਂ ਦੀ ਪੋਥੀ ਅਧਿਆਇ 124 ਪਰਮੇਸ਼ੁਰ ਦੀ ਸੁਰੱਖਿਆ ਅਤੇ ਮੁਕਤੀ ਲਈ ਧੰਨਵਾਦ ਦਾ ਗੀਤ ਹੈ। ਜ਼ਬੂਰਾਂ ਦੇ ਲਿਖਾਰੀ ਨੇ ਐਲਾਨ ਕੀਤਾ, "ਜੇ ਯਹੋਵਾਹ ਸਾਡੀ ਵੱਲ ਨਾ ਹੁੰਦਾ, ਇਸਰਾਏਲ ਇਉਂ ਆਖੇ, - ਜੇ ਉਹ ਯਹੋਵਾਹ ਨਾ ਹੁੰਦਾ ਜਿਹੜਾ ਸਾਡੀ ਵੱਲ ਸੀ, ਜਦ ਆਦਮੀ ਸਾਡੇ ਵਿਰੁੱਧ ਉੱਠੇ, ਤਾਂ ਓਹ ਸਾਨੂੰ ਜੀਉਂਦਿਆਂ ਨੂੰ ਭੱਖ ਲੈਂਦੇ" (ਜ਼ਬੂਰਾਂ ਦੀ ਪੋਥੀ ਅਧਿਆਇ 124 ਆਇਤ 1 ਤੋਂ ਲੈ ਕੇ 3 ਤੀਕ)। ਇਹ ਜ਼ਬੂਰ ਉਸ ਭਰੋਸੇ ਨੂੰ ਦਰਸਾਉਂਦਾ ਹੈ, ਜਿਹੜਾ ਇਹ ਜਾਣਨ ਤੋਂ ਮਿਲਦਾ ਹੈ ਕਿ ਪਰਮੇਸ਼ੁਰ ਸਾਡਾ ਰਖਵਾਲਾ ਹੈ, ਅਜਿਹਾ ਭਰੋਸਾ ਜਿਹੜਾ ਵਿਸ਼ਵਾਸ ਵਿੱਚ ਟਿਕਿਆ ਹੋਇਆ ਹੈ। ਜ਼ਬੂਰਾਂ ਦੇ ਲਿਖਾਰੀ ਦੇ ਸ਼ਬਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਵਿਸ਼ਵਾਸ ਕੇਵਲ ਪਰਮੇਸ਼ੁਰ ਦੀ ਹੋਂਦ ਵਿੱਚ ਵਿਸ਼ਵਾਸ ਕਰਨ ਦੇ ਬਾਰੇ ਵਿੱਚ ਹੀ ਨਹੀਂ ਹੈ, ਸਗੋਂ ਸਾਡੀਆਂ ਜ਼ਿੰਦਗੀਆਂ ਵਿੱਚ ਉਸਦੀ ਸਰਗਰਮ ਭਾਗੀਦਾਰੀ ਵਿੱਚ ਭਰੋਸਾ ਕਰਨ ਬਾਰੇ ਵਿੱਚ ਵੀ ਹੈ। ਵਿਸ਼ਵਾਸ ਸਾਨੂੰ ਭਰੋਸਾ ਦਿਵਾਉਂਦਾ ਹੈ ਕਿ ਪਰਮੇਸ਼ੁਰ ਸਾਡੇ ਨਾਲ ਹੈ, ਸਾਡੀਆਂ ਲੜਾਈਆਂ ਲੜ ਰਿਹਾ ਹੈ, ਅਤੇ ਸਾਨੂੰ ਨੁਕਸਾਨ ਹੋਣ ਤੋਂ ਬਚਾ ਰਿਹਾ ਹੈ। ਪਰਮੇਸ਼ੁਰ ਦੀ ਸੁਰੱਖਿਆ ਵਿਚ ਇਹ ਭਰੋਸਾ ਮਹੱਤਵਪੂਰਣ ਹੈ, ਖ਼ਾਸਕਰ ਜਦੋਂ ਅਸੀਂ ਅਜਿਹੇ ਹਾਲਾਤਾਂ ਦਾ ਸਾਮ੍ਹਣਾ ਕਰਦੇ ਹਾਂ, ਜਿਹੜੇ ਬਹੁਤ ਜ਼ਿਆਦਾ ਮੁਸ਼ਕਿਲ ਜਾਂ ਅਸੰਭਵ ਜਾਪਦੇ ਹਨ। ਜ਼ਬੂਰਾਂ ਦੀ ਪੋਥੀ ਅਧਿਆਇ 124 ਵਿਚਲੀ ਤਸਵੀਰ ਨਿਰਾਸ਼ਾ ਨਾਲ ਭਰੇ ਹਾਲਾਤਾਂ ਦਾ ਦ੍ਰਿਸ਼ ਪੇਸ਼ ਕਰਦੀ ਹੈ—ਜਿਵੇਂ ਜਿਉਂਦਾ ਨਿਗਲ ਜਾਣਾ, ਪਾਣੀ ਵਿਚ ਰੁੱੜ੍ਹ ਜਾਣਾ, ਅਤੇ ਜਾਲ ਵਿਚ ਫਸ ਜਾਣਾ। ਫਿਰ ਵੀ, ਹਰ ਇੱਕ ਦ੍ਰਿਸ਼ ਵਿੱਚ, ਪਰਮੇਸ਼ੁਰ ਦਖਲ ਦਿੰਦਾ ਹੈ ਅਤੇ ਆਪਣੇ ਲੋਕਾਂ ਨੂੰ ਬਚਾ ਲੈਂਦਾ ਹੈ। ਇਹ ਜ਼ਬੂਰ ਸਾਨੂੰ ਪਰਮੇਸ਼ੁਰ ਦੀ ਸੁਰੱਖਿਆ ਵਿੱਚ ਭਰੋਸਾ ਇਹ ਜਾਣਦੇ ਹੋਏ ਰੱਖਣ ਲਈ ਉਤਸ਼ਾਹਿਤ ਕਰਦਾ ਹੈ ਕਿ ਉਹ ਹਮੇਸ਼ਾ ਸਾਡੇ ਨਾਲ ਹੈ, ਇੱਥੋਂ ਤੀਕ ਕਿ ਸਭ ਤੋਂ ਖਤਰਨਾਕ ਹਾਲਾਤਾਂ ਵਿੱਚ ਵੀ। ਜਦੋਂ ਅਸੀਂ ਉਸਦੀ ਸੁਰੱਖਿਆ ਨਾਲ ਭਰੀ ਹੋਈ ਦੇਖਭਾਲ ਵਿੱਚ ਭਰੋਸਾ ਕਰਦੇ ਹਾਂ, ਤਾਂ ਅਸੀਂ ਵਿਸ਼ਵਾਸ ਨਾਲ ਕਿਸੇ ਵੀ ਚੁਣੌਤੀ ਦਾ ਸਾਹਮਣਾ ਇਹ ਵਿਸ਼ਵਾਸ ਕਰਦੇ ਹੋਏ ਕਰ ਸਕਦੇ ਹਾਂ ਕਿ ਪਰਮੇਸ਼ੁਰ ਲਈ ਕੁੱਝ ਵੀ ਅਸੰਭਵ ਨਹੀਂ ਹੈ।

ਤੀਜਾ ਵਿਚਾਰ. ਆਤਮਿਕ ਯੁੱਧ ਵਿਚ ਵਿਸ਼ਵਾਸ ਦੀ ਸ਼ਕਤੀ (ਅਫ਼ਸੀਆਂ ਅਧਿਆਇ 6 ਆਇਤਾਂ 10 ਤੋਂ ਲੈ ਕੇ 18 ਤੀਕ)

ਅਫ਼ਸੀਆਂ ਅਧਿਆਇ 6 ਆਇਤਾਂ 10 ਤੋਂ ਲੈ ਕੇ 18 ਵਿੱਚ, ਰਸੂਲ ਪੌਲੁਸ ਵਿਸ਼ਵਾਸੀਆਂ ਨੂੰ "ਪ੍ਰਭੂ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ" ਹੋਣ ਲਈ ਉਤਸ਼ਾਹਿਤ ਕਰਦਾ ਹੈ (ਅਫ਼ਸੀਆਂ 6 ਆਇਤ 10)। ਉਹ ਪਰਮੇਸ਼ੁਰ ਦੇ ਸ਼ਸਤ੍ਰ ਬਸਤ੍ਰ ਦਾ ਵਰਣਨ ਕਰਦਾ ਹੈ, ਜੋ ਸਾਡੇ ਲਈ ਉੱਪਲਬਧ ਆਤਮਿਕ ਸਰੋਤਾਂ ਦਾ ਇੱਕ ਰੂਪ ਹੈ, ਕਿਉਂ ਜੋ ਅਸੀਂ ਆਤਮਿਕ ਯੁੱਧ ਵਿੱਚ ਸ਼ਾਮਲ ਹੁੰਦੇ ਹਾਂ। ਇਸ ਸ਼ਸਤ੍ਰ ਬਸਤ੍ਰ ਦਾ ਕੇਂਦਰ "ਨਿਹਚਾ ਦੀ ਢਾਲ ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ" (ਅਫ਼ਸੀਆਂ 6 ਆਇਤ 16)। ਪੌਲੁਸ ਦੁਆਰਾ ਨਿਹਚਾ ਨੂੰ ਢਾਲ ਵਜੋਂ ਦਰਸਾਇਆ ਗਿਆ ਹੈ, ਜਿਹੜਾ ਇਸਦੀ ਸੁਰੱਖਿਆ ਦੇਣ ਵਾਲੀ ਸ਼ਕਤੀ 'ਤੇ ਜ਼ੋਰ ਦਿੰਦਾ ਹੈ। ਵਿਸ਼ਵਾਸ ਅਰਥਾਤ ਨਿਹਚਾ ਸਰਗਰਮੀ ਤੋਂ ਬਗੈਰ ਨਹੀਂ ਹੈ; ਸਗੋਂ ਇਹ ਦੁਸ਼ਮਣ ਦੇ ਹਮਲਿਆਂ ਦੇ ਵਿਰੁੱਧ ਇੱਕ ਸਰਗਰਮ ਰਹਿਣ ਵਾਲੀ ਰੱਖਿਆ ਹੈ। ਜਦੋਂ ਅਸੀਂ ਵਿਸ਼ਵਾਸ ਦੀ ਢਾਲ ਲੈਂ ਲੈਂਦੇ ਹਾਂ, ਤਾਂ ਅਸੀਂ ਜ਼ਰੂਰੀ ਤੌਰ 'ਤੇ ਕਹਿ ਰਹੇ ਹੁੰਦੇ ਹਾਂ ਕਿ, "ਮੈਂ ਦੁਸ਼ਮਣ ਦੇ ਝੂਠਾਂ ਨਾਲੋਂ ਪਰਮੇਸ਼ੁਰ ਦੇ ਵਾਅਦਿਆਂ 'ਤੇ ਭਰੋਸਾ ਕਰਦਾ ਹਾਂ, ਮੈਂ ਮੇਰੀ ਰਾਹ ਵਿੱਚ ਆਉਣ ਵਾਲੇ ਕਿਸੇ ਵੀ ਖ਼ਤਰੇ ਨਾਲੋਂ ਪਰਮੇਸ਼ੁਰ ਦੀ ਸ਼ਕਤੀ 'ਤੇ ਜਿਆਦਾ ਭਰੋਸਾ ਕਰਦਾ ਹਾਂ"। ਇਸ ਤਰ੍ਹਾਂ ਦੀ ਨਿਹਚਾ ਸਾਨੂੰ ਆਤਮਿਕ ਚੁਣੌਤੀਆਂ ਦੇ ਸਾਮ੍ਹਣੇ ਲਚੀਲਾ ਬਣਾਉਂਦੀ ਹੈ।

ਇਸ ਹਵਾਲੇ ਵਿਚ ਪੇਸ਼ ਕੀਤਾ ਗਿਆ ਵਿਸ਼ਵਾਸ ਦਾ ਧਰਮ ਵਿਗਿਆਨ ਬੜਾ ਹੀ ਡੂੰਘਾ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਵਿਸ਼ਵਾਸ ਸਿਰਫ਼ ਇੱਕ ਭਰੋਸਾ ਕਰਨਾ ਨਹੀਂ ਹੰਦਾ, ਸਗੋਂ ਇੱਕ ਉਦੇਸ਼, ਅਰਥਾਤ ਜੀਵਨ ਜੀਉਣ ਦਾ ਇੱਕ ਤਰੀਕਾ ਹੈ, ਜਿਹੜਾ ਲਗਾਤਾਰ

ਪਰਮੇਸ਼ੁਰ ਦੀ ਸ਼ਕਤੀ ਅਤੇ ਵਾਅਦਿਆਂ 'ਤੇ ਨਿਰਭਰ ਰਹਿੰਦਾ ਹੈ। ਇਹ ਵਿਸ਼ਵਾਸ ਸਾਨੂੰ ਕਿਸੇ ਵੀ ਆਤਮਿਕ ਲੜਾਈ ਦਾ ਸਾਮ੍ਹਣਾ ਕਰਨ ਦੇ ਬਾਵਜੂਦ ਮਜ਼ਬੂਤ ਬਣੇ ਰਹਿਣ ਦੇ ਯੋਗ ਬਣਾਉਂਦਾ ਹੈ। ਜਦੋਂ ਅਸੀਂ ਪਰਮੇਸ਼ੁਰ ਦੇ ਸ਼ਸਤ੍ਰ ਬਸਤ੍ਰ ਨਾਲ ਸੱਜੇ ਹੋਏ ਹੁੰਦੇ ਹਾਂ, ਤਾਂ ਵਿਸ਼ਵਾਸ ਦੁਆਰਾ ਸ਼ਕਤੀਸ਼ਾਲੀ ਹੁੰਦੇ ਹਾਂ, ਉਸ ਵੇਲੇ ਅਸੀਂ ਭਰੋਸੇ ਨਾਲ ਐਲਾਨ ਕਰ ਸਕਦੇ ਹਾਂ ਕਿ ਵਿਸ਼ਵਾਸ ਕਰਨ ਵਾਲਿਆਂ ਲਈ ਕੁੱਝ ਵੀ ਅਸੰਭਵ ਨਹੀਂ ਹੈ।

## ਚੌਥਾ ਵਿਚਾਰ. **ਵਿਸ਼ਵਾਸ ਦੀ ਅਦਭੁਤ ਸ਼ਕਤੀ (ਮਰਕੁਸ ਅਧਿਆਇ 9 ਆਇਤਾਂ 14 ਤੋਂ ਲੈ ਕੇ 29 ਤੀਕ**)

ਮਰਕੁਸ ਅਧਿਆਇ 9 ਆਇਤਾਂ 14 ਤੋਂ ਲੈ ਕੇ 29 ਤੀਕ ਦੀ ਕਹਾਣੀ ਵਿਸ਼ਵਾਸ ਦੀ ਅਦਭੁਤ ਸ਼ਕਤੀ ਦਾ ਇੱਕ ਸਾਫ ਵਿਖਾਈ ਦੇਣ ਵਾਲਾ ਪ੍ਰਦਰਸ਼ਨ ਹੈ। ਚੇਲੇ ਭਿਰਸ਼ਟ ਆਤਮਾ ਨੂੰ ਬਾਹਰ ਕੱਢਣ ਵਿੱਚ ਅਸਫਲ ਰਹਿਣ ਤੋਂ ਬਾਅਦ ਇੱਕ ਪਿਤਾ ਭਿਰਸ਼ਟ ਆਤਮਾ ਤੋਂ ਸਤਾਏ ਹੋਏ ਆਪਣੇ ਪੁੱਤਰ ਨੂੰ ਯਿਸੂ ਕੋਲ ਲਿਆਉਂਦਾ ਹੈ। ਪਿਤਾ, ਨਿਰਾਸ਼ ਅਤੇ ਆਪਣੀ ਬੜੀ ਪਰੇਸ਼ਾਨੀ ਵਿੱਚ, ਯਿਸੂ ਨੂੰ ਬੇਨਤੀ ਕਰਦਾ ਹੈ, "ਪਰ ਜੇ ਤੁਸੀਂ ਕੁਝ ਕਰ ਸੱਕਦੇ ਹੋ ਤਾਂ ਸਾਡੇ ਉੱਤੇ ਤਰਸ ਖਾ ਕੇ ਸਾਡੀ ਸਹਾਇਤਾ ਕਰੋ" (ਮਰਕੁਸ ਅਧਿਆਇ 9 ਆਇਤ 22)। ਇੱਥੇ ਯਿਸੂ ਦੁਆਰਾ ਦਿੱਤਾ ਗਿਆ ਜੁਵਾਬ ਮਹੱਤਵਪੂਰਨ ਹੈ: "ਜੇ ਤੁਸੀਂ ਕਰ ਸੱਕਦੇ ਹੋ! ਪਰਤੀਤ ਕਰਨ ਵਾਲੇ ਦੇ ਲਈ ਸੱਭੋ ਕੁਝ ਹੋ ਸੱਕਦਾ ਹੈ" (ਮਰਕੁਸ ਅਧਿਆਇ 9 ਆਇਤ 23)। ਉਸ ਪਿਤਾ ਦਾ ਤੁਰੰਤ ਦਿੱਤਾ ਗਿਆ ਜੁਵਾਬ ਇਹ ਸੀ, "ਮੈਂ ਪਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇ ਪਰਤੀਤੀ ਦਾ ਉਪਾਉ ਕਰੋ!" (ਮਰਕੁਸ ਅਧਿਆਇ 9 ਆਇਤ24), ਉਸਦਾ ਇਹ ਜਆਬ ਸਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਦੇ ਮਨਾਂ ਦੇ ਵਿਚਾਰਾਂ ਨੂੰ ਵਿਖਾਉਂਦਾ ਹੈ। ਇਹ ਵਿਸ਼ਵਾਸ ਅਤੇ ਸ਼ੱਕ ਦੇ ਵਿਚਕਾਰ ਤਣਾਓ ਨੂੰ ਦਰਸਾਉਂਦਾ ਹੈ, ਜਿਸਨੂੰ ਅਸੀਂ ਅਕਸਰ ਅਨੁਭਵ ਕਰਦੇ ਹਾਂ। ਪਰ ਯਿਸੂ ਦੇ ਜੁਵਾਬ ਤੋਂ ਪਤਾ ਲੱਗਦਾ ਹੈ ਕਿ ਅਪੂਰਣ ਨਿਹਚਾ—ਸ਼ੰਕਾ ਨਾਲ ਭਰਿਆ ਵਿਸ਼ਵਾਸ—ਅਦਭੁਤ ਤਬਦੀਲੀਆਂ ਲਿਆਉਣ ਲਈ ਕਾਫ਼ੀ ਸ਼ਕਤੀਸ਼ਾਲੀ ਹੈ। ਯਿਸੂ ਨੇ ਭਰਿਸ਼ਟ ਆਤਮਾ ਨੂੰ ਬਾਲਕ ਨੂੰ ਛੱਡਣ ਦਾ ਹੁਕਮ ਦਿੱਤਾ, ਅਤੇ ਉਹ ਚੰਗਾ ਹੋ ਗਿਆ। ਇਹ ਹਵਾਲਾ ਸਾਨੂੰ ਸਿਖਾਉਂਦਾ ਹੈ ਕਿ ਵਿਸ਼ਵਾਸ ਦੀ ਸ਼ਕਤੀ ਇਸਦੀ ਸੰਪੂਰਨਤਾ ਵਿੱਚ ਨਹੀਂ, ਸਗੋਂ ਇਸਦੀ ਮੌਜੂਦਗੀ ਵਿੱਚ ਹੈ। ਜਿਵੇਂ ਯਿਸੂ ਨੇ ਕਿਤੇ ਹੋਰ ਸਿਖਾਇਆ, ਰਾਈ ਦੇ ਇੱਕ ਦਾਣੇ ਦੇ ਬਰਾਬਰ ਵਿਸ਼ਵਾਸ ਪਹਾੜਾਂ ਨੂੰ ਹਿਲਾ ਸਕਦਾ ਹੈ (ਮੱਤੀ ਅਧਿਆਇ 17 ਆਇਤ 20)। ਪਿਤਾ ਦੀ ਪੁਕਾਰ, "ਮੈਂ ਪਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇ ਪਰਤੀਤੀ ਦਾ ਉਪਾਉ ਕਰੋ," ਇੱਕ ਅਜਿਹੀ ਪ੍ਰਾਰਥਨਾ ਹੈ, ਜਿਸਦੀ ਸਾਡੇ ਵਿੱਚੋਂ ਕਈਆਂ ਨੂੰ ਕਰਨ ਦੀ ਲੋੜ ਹੈ। ਇਹ ਮੰਨਦਾ ਹੈ ਕਿ ਸਾਡੀ ਨਿਹਚਾ ਸੰਪੂਰਣ ਨਹੀਂ ਹੋ ਸਕਦੀ, ਪਰ ਫੇਰ ਵੀ ਇਹ ਯਿਸੂ ਦੇ ਹੱਥਾਂ ਵਿੱਚ ਰੱਖਣ ਲਈ ਕਾਫ਼ੀ ਹੈ। ਜਦੋਂ ਅਸੀਂ ਸ਼ੱਕ ਦੇ ਵਿਚਕਾਰ ਵੀ ਵਿਸ਼ਵਾਸ ਦਾ ਅਭਿਆਸ ਕਰਦੇ ਹਾਂ, ਤਾਂ ਅਸੀਂ ਆਪਣੇ ਜੀਉਣ ਵਿੱਚ ਕੰਮ ਕਰਨ ਲਈ ਪਰਮੇਸ਼ੁਰ ਦੀ ਅਦਭੁਤ ਸ਼ਕਤੀ ਲਈ ਦਰਵਾਜ਼ਾ ਖੋਲ੍ਹ ਦਿੰਦੇ ਹਾਂ।

ਇੱਥੇ ਬਾਈਬਲ ਵਿੱਚੋਂ ਕੁੱਝ ਉਦਾਹਰਣ ਦਿੱਤੇ ਗਏ ਹਨ, ਜਿਹੜੇ ਵਿਖਾਉਂਦੇ ਹਨ ਕਿ ਵਿਸ਼ਵਾਸ ਨੇ ਅਸੰਭਵ ਨੂੰ ਕਿਵੇਂ ਸੰਭਵ ਕਿਵੇਂ ਬਣਾਇਆ:

**ਪਹਿਲਾ ਉਦਾਹਰਣ. ਅਬਰਾਹਾਮ ਅਤੇ ਸਾਰਾਹ ਦੇ ਕੋਲ ਬੱਚਾ ਹੋਣ ਦੇ ਲਈ ਵਿਸ਼ਵਾਸ (ਉਤਪਤ** ਅਧਿਆਇ **17 ਆਇਤਾਂ 15 ਤੋਂ ਲੈ ਕੇ 21 ਤੀਕ; ਅਤੇ** ਅਧਿਆਇ **21 ਆਇਤਾਂ 1 ਤੋਂ ਲੈ ਕੇ 7 ਤੀਕ**)

ਅਬਰਾਹਾਮ ਅਤੇ ਸਾਰਾਹ ਬੱਚੇ ਪੈਦਾ ਕਰਨ ਦੀ ਉਮਰ ਤੋਂ ਲੰਘ ਚੁੱਕੇ ਸਨ ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਬੇਟਾ ਦੇਣ ਦਾ ਵਾਅਦਾ ਕੀਤਾ ਸੀ। ਸਾਰਾਹ 90 ਸਾਲਾਂ ਦੀ ਸੀ ਅਤੇ ਅਬਰਾਹਾਮ ਸੌ ਸਾਲਾਂ ਦਾ ਸੀ। ਆਪਣੀ ਵਢੇਰੀ ਉਮਰ ਅਤੇ ਸਾਰਾਹ ਦੇ ਬਾਂਝ ਹੋਣ ਦੇ ਬਾਵਜੂਦ, ਉਸ ਨੂੰ ਪਰਮੇਸ਼ੁਰ ਦੇ ਵਾਅਦੇ ਮਿਲੇ ਸਨ। ਉਨ੍ਹਾਂ ਦੇ ਵਿਸ਼ਵਾਸ ਨੇ, ਜਿਹੜਾ ਅਸੰਭਵ ਜਾਪਦਾ ਸੀ - ਅਰਥਾਤ ਬੁਢਾਪੇ ਵਿੱਚ ਬੱਚਾ ਪੈਦਾ ਕਰਨ - ਨੂੰ ਇੱਕ ਹਕੀਕਤ ਬਣਾ ਦਿੱਤਾ। ਇਸਹਾਕ ਦਾ ਜਨਮ ਹੋਇਆ, ਅਤੇ ਉਸ ਦੇ ਰਾਹੀਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਕਈ ਕੌਮਾਂ ਦਾ ਪਿਤਾ ਬਣਾਉਣ ਦਾ ਆਪਣਾ ਵਾਅਦਾ ਪੂਰਾ ਕੀਤਾ।

**ਦੂਜਾ ਉਦਾਹਰਣ**. ਲਾਲ ਸਮੁੰਦਰ ਵਿੱਚੋਂ ਲੰਘਣਾ (ਕੂਚ ਦੀ ਪੋਥੀ ਅਧਿਆਇ 14 ਆਇਤਾਂ 21 ਤੋਂ ਲੈ ਕੇ 31 ਤੀਕ)

ਜਦੋਂ ਇਸਰਾਏਲੀ ਮਿਸਰ ਤੋਂ ਬਾਹਰ ਨਿਕਲ ਰਹੇ ਸਨ, ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਫ਼ਿਰਊਨ ਦੀ ਅੱਗੇ ਵਧ ਰਹੀ ਫ਼ੌਜ ਅਤੇ ਲਾਲ ਸਮੁੰਦਰ ਦੇ ਵਿੱਚਕਾਰ ਫਸਿਆ ਵੇਖਿਆ। ਇਹ ਇੱਕ ਅਸੰਭਵ ਜਿਹੀ ਸਥਿਤੀ ਵਾਂਗ ਜਾਪਦਾ ਸੀ, ਪਰ ਮੂਸਾ ਨੇ ਨਿਹਚਾ ਕੀਤੀ, ਉਨ੍ਹਾਂ ਨੂੰ ਬਚਾਉਣ ਲਈ ਪਰਮੇਸ਼ੁਰ ਦੀ ਸ਼ਕਤੀ ਉੱਤੇ ਭਰੋਸਾ ਕੀਤਾ। ਪਰਮੇਸ਼ੁਰ ਨੇ ਮੂਸਾ ਨੂੰ ਸਮੁੰਦਰ ਉੱਤੇ ਆਪਣਾ ਹੱਥ ਵਧਾਉਣ ਦਾ ਹੁਕਮ ਦਿੱਤਾ, ਅਤੇ ਪਾਣੀ ਦੋ ਭਾਗਾਂ ਵਿੱਚ ਅੱਡ ਹੋ ਗਿਆ, ਜਿਸਨੇ ਇਸਰਾਏਲੀਆਂ ਨੂੰ ਸੁੱਕੀ ਧਰਤੀ ਉੱਤੇ ਚੱਲਣ ਯੋਗ ਬਣਾਇਆ। ਫਿਰ ਸਮੁੰਦਰ ਨੇ ਉਹਨਾਂ ਦਾ ਪਿੱਛਾ ਕਰਨ ਵਾਲੇ ਮਿਸਰੀਆਂ ਨੂੰ ਆਪਣੇ ਵਿੱਚ ਢੱਕ ਲਿਆ, ਸਿੱਟੇ ਵੱਜੋਂ ਇਸਰਾਏਲੀਆਂ ਲਈ ਬਚਣਾ ਸੁਰੱਖਿਅਤ ਹੋ ਗਿਆ। ਵਿਸ਼ਵਾਸ ਨੇ ਇੱਕ ਅਸੰਭਵ ਜਿਹੀ ਸਥਿਤੀ ਨੂੰ ਅਚਰਜ ਭਰੀ ਮੁਕਤੀ ਵਿੱਚ ਤਬਦੀਲ ਕਰ ਦਿੱਤਾ।

**ਤੀਜਾ ਉਦਾਹਰਣ**. ਯਰੀਹੋ ਦੀਆਂ ਕੰਧਾਂ (ਯਹੋਸ਼ੁਆ ਅਧਿਆਇ 6 ਆਇਤਾਂ 1 ਤੋਂ ਲੈ ਕੇ 20 ਤੀਕ)

ਜਿਉਂ ਹੀ ਇਸਰਾਏਲੀ ਵਾਅਦਾ ਕੀਤੇ ਹੋਏ ਦੇਸ਼ ਵਿਚ ਦਾਖਲ ਹੋ ਰਹੇ ਸਨ, ਤਾਂ ਉਨ੍ਹਾਂ ਦਾ ਸਾਹਮਣਾ ਯਰੀਹੋ ਸ਼ਹਿਰ ਨਾਲ ਹੋਇਆ। ਸ਼ਹਿਰ ਦੀਆਂ ਕੰਧਾਂ ਜਿੱਤਣ ਲਈ ਔਖੀਆਂ ਜਾਪਦੀਆਂ ਸਨ, ਅਤੇ ਮਨੁੱਖੀ ਦ੍ਰਿਸ਼ਟੀਕੋਣ ਤੋਂ, ਇਸ ਉੱਤੇ ਜਿੱਤ ਪਾਉਣੀ ਅਸੰਭਵ ਜਿਹੀ ਸੀ। ਹਾਲਾਂਕਿ, ਯਹੋਸ਼ੁਆ ਅਤੇ ਇਸਰਾਏਲੀਆਂ ਨੇ ਸੱਤ ਦਿਨਾਂ ਲਈ ਸ਼ਹਿਰ ਦੇ ਆਲੇ-ਦੁਆਲੇ ਘੁੰਮਣ ਲਈ ਪਰਮੇਸ਼ੁਰ ਦੇ ਅਸਧਾਰਨ ਹਿਦਾਇਤਾਂ ਦੀ ਪਾਲਣਾ ਕੀਤੀ, ਅਰਥਾਤ ਸੱਤਵੇਂ ਦਿਨ ਤੁਰ੍ਹੀਆਂ ਵਜਾਉਣ ਅਤੇ ਜੈਕਾਰੇ ਲਾਉਣਾ। ਪਰਮੇਸ਼ੁਰ ਦੀ ਯੋਜਨਾ ਵਿਚ ਉਨ੍ਹਾਂ ਦੀ ਨਿਹਚਾ ਨੇ ਕੰਧਾਂ ਨੂੰ ਤੋੜ ਦਿੱਤਾ, ਸਿੱਟੇ ਵੱਜੋਂ ਸ਼ਹਿਰ ਨੂੰ ਕਬਜ਼ੇ ਵਿਚ ਲੈ ਲਿਆ ਗਿਆ।

**ਚੌਥਾ ਉਦਾਹਰਣ**. ਗੋਲਿਅਥ ਉੱਤੇ ਦਾਊਦ ਦੀ ਜਿੱਤ (ਪਹਿਲਾ ਸਮੂਏਲ ਅਧਿਆਇ 17 ਆਇਤਾਂ 32 ਤੋਂ ਲੈ ਕੇ 50 ਤੀਕ)

ਨੌਜਵਾਨ ਅਯਾਲੀ ਦਾਊਦ ਨੇ ਗੋਲਿਅਥ ਦਾ ਸਾਮ੍ਹਣਾ ਕੀਤਾ, ਜੋ ਕਿ ਇੱਕ ਵੱਡਾ ਯੋਧਾ ਸੀ, ਜਿਸ ਨੇ ਇਸਰਾਏਲੀ ਫ਼ੌਜ ਨੂੰ ਡਰਾ ਦਿੱਤਾ ਸੀ। ਗੋਲਿਅਥ ਉੱਤੇ ਜਿੱਤ ਅਸਫ਼ਲ ਜਿਹੀ ਜਾਪਦੀ ਸੀ, ਅਤੇ ਕੋਈ ਵੀ ਉਸ ਨਾਲ ਲੜਨ ਦੀ ਹਿੰਮਤ ਕਰਨ ਦੇ ਯੋਗ ਨਹੀਂ ਸੀ। ਪਰ, ਪਰਮੇਸ਼ੁਰ ਵਿਚ ਦਾਊਦ ਦੀ ਨਿਹਚਾ ਨੇ ਉਸ ਨੂੰ ਗੋਲਿਅਥ ਦਾ ਸਾਮ੍ਹਣਾ ਕਰਨ ਦੀ ਹਿੰਮਤ ਦਿੱਤੀ। ਉਸਨੇ ਘੋਸ਼ਣਾ ਕੀਤੀ, "ਜਿਸ ਯਹੋਵਾਹ ਨੇ ਮੈਨੂੰ ਸ਼ੇਰ ਦੇ ਪੰਜੇ ਅਤੇ ਰਿੱਛ ਦੇ ਪੰਜੇ ਤੋਂ ਛੁਡਾਇਆ ਹੈ, ਉਹੋ ਹੀ ਮੈਨੂੰ ਉਸ ਫਲਿਸਤੀ ਦੇ ਹੱਥੋਂ ਛੁਡਾਵੇਗਾ" (ਪਹਿਲਾ ਸਮੂਏਲ ਅਧਿਆਇ 17 ਆਇਤ 37)। ਸਿਰਫ਼ ਇੱਕ ਗੁਲੇਲ ਅਤੇ ਇੱਕ ਪੱਥਰ ਨਾਲ, ਦਾਊਦ ਨੇ ਗੋਲਿਅਥ ਨੂੰ ਹਰਾਉਂਦੇ ਹੋਇਆ ਇਹ ਸਾਬਤ ਕੀਤਾ ਕਿ ਪਰਮੇਸ਼ੁਰ ਵਿੱਚ ਵਿਸ਼ਵਾਸ ਸਭ ਤੋਂ ਵੱਡੀਆਂ ਰੁਕਾਵਟਾਂ ਨੂੰ ਵੀ ਪਾਰ ਕਰ ਸਕਦਾ ਹੈ।

**ਪੰਜਵਾਂ ਉਦਾਹਰਣ**. ਏਲੀਯਾਹ ਅਤੇ ਸਾਰਫਥ ਦੀ ਵਿਧਵਾ (ਪਹਿਲਾ ਰਾਜਿਆਂ ਅਧਿਆਇ 17 ਆਇਤਾਂ 8 ਤੋਂ ਲੈ ਕੇ 16 ਤੀਕ)

ਇੱਕ ਭਿਆਨਕ ਅਕਾਲ ਦੌਰਾਨ, ਪਰਮੇਸ਼ੁਰ ਨੇ ਏਲੀਯਾਹ ਨੂੰ ਸਾਰਫਥ ਦੀ ਇੱਕ ਵਿਧਵਾ ਕੋਲ ਭੇਜਿਆ। ਵਿਧਵਾ ਭੁੱਖ ਨਾਲ ਮਰਨ ਤੋਂ ਪਹਿਲਾਂ ਆਪਣੇ ਬਚੇ ਹੋਏ ਆਟੇ ਅਤੇ ਤੇਲ ਦੀ ਵਰਤੋਂ ਕਰਕੇ ਆਪਣੇ ਅਤੇ ਆਪਣੇ ਪੁੱਤਰ ਲਈ ਇੱਕ ਆਖਰੀ ਭੋਜਨ ਬਣਾਉਣ ਦੀ ਤਿਆਰੀ ਕਰ ਰਹੀ ਸੀ। ਏਲੀਯਾਹ ਨੇ ਉਸ ਨੂੰ ਪਹਿਲਾਂ ਉਸਦੇ ਲਈ ਇੱਕ ਛੋਟੀ ਜਿਹੀ ਰੋਟੀ ਬਣਾਉਣ ਲਈ ਕਿਹਾ, ਅਤੇ ਵਾਅਦਾ ਕੀਤਾ ਕਿ ਉਸ ਦੇ ਕੋਲ ਰਾਸ਼ਨ ਉਦੋਂ ਤੱਕ ਖਤਮ ਨਹੀਂ ਹੋਵੇਗਾ ਜਦੋਂ ਤੀਕ ਅਕਾਲ ਰਹਿੰਦਾ ਹੈ। ਵਿਖਾਈ ਦੇਣ ਵਾਲੇ ਅਸੰਭਵ ਜਿਹੇ ਹਲਾਤਾਂ ਦੇ ਬਾਵਜੂਦ, ਵਿਧਵਾ ਨੇ ਵਿਸ਼ਵਾਸ ਨਾਲ ਆਗਿਆਕਾਰ ਕੀਤਾ, ਅਤੇ ਉਸ ਦਾ ਆਟਾ ਅਤੇ ਤੇਲ ਅਚਰਜ ਭਰੇ ਢੰਗ ਨਾਲ ਅਕਾਲ ਦੇ ਦੌਰਾਨ ਵੀ ਬਚਿਆ ਰਿਹਾ, ਅਤੇ ਇਸਨੇ ਉਸ ਨੂੰ, ਉਸ ਦੇ ਪੁੱਤਰ ਅਤੇ ਏਲੀਯਾਹ ਲਈ ਭੋਜਨ ਪ੍ਰਦਾਨ ਕੀਤਾ।

**ਛੱਠਾ ਉਦਾਹਰਣ**. ਯਿਸੂ ਸੂਬੇਦਾਰ ਦੇ ਨੌਕਰ ਨੂੰ ਚੰਗਾ ਕਰਦਾ ਹੈ (ਮੱਤੀ ਅਧਿਆਇ 8 ਆਇਤਾਂ 5 ਤੋਂ ਲੈ ਕੇ 13 ਤੀਕ)

ਇੱਕ ਰੋਮੀ ਸੂਬੇਦਾਰ ਯਿਸੂ ਕੋਲ ਆਇਆ ਅਤੇ ਆਪਣੇ ਅਧਰੰਗੀ ਨੌਕਰ ਨੂੰ ਚੰਗਾ ਕਰਨ ਲਈ ਕਹਿਣ ਲੱਗਾ। ਸੂਬੇਦਾਰ ਨੇ ਇਹ ਕਹਿ ਕੇ ਆਪਣੀ ਨਿਹਚਾ ਪ੍ਰਗਟ ਕੀਤੀ ਕਿ ਯਿਸੂ ਨੂੰ ਸਿਰਫ਼ ਆਪਣੇ ਮੂੰਹੋਂ ਸ਼ਬਦ ਬੋਲਣ ਦੀ ਲੋੜ ਹੈ, ਅਤੇ ਉਸ ਦਾ ਨੌਕਰ ਚੰਗਾ ਹੋ ਜਾਵੇਗਾ। ਯਿਸੂ ਨੇ ਸੂਬੇਦਾਰ ਦੀ ਨਿਹਚਾ 'ਤੇ ਅਚਰਜ ਮੰਨਿਆ ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ ਕਿਹਾ, "ਭਈ ਮੈਂ

ਤੁਹਾਨੂੰ ਸਤ ਆਖਦਾ ਹਾਂ ਕਿ ਇਸਰਾਏਲ ਵਿੱਚ ਵੀ ਮੈਂ ਐਡੀ ਨਿਹਚਾ ਨਹੀਂ ਵੇਖੀ' (ਮੱਤੀ ਅਧਿਆਇ 8 ਆਇਤ 10)। ਤਦ ਯਿਸੂ ਨੇ ਬਚਨ ਬੋਲਿਆ, ਅਤੇ ਨੌਕਰ ਝੱਟ ਚੰਗਾ ਹੋ ਗਿਆ। ਸੂਬੇਦਾਰ ਦੇ ਵਿਸ਼ਵਾਸ ਨੇ ਅਸੰਭਵ ਨੂੰ ਸੰਭਵ ਕਰ ਦਿੱਤਾ।

**ਸੱਤਵਾਂ ਉਦਾਹਰਣ**. ਲਾਜ਼ਰ ਦਾ ਜਿਵਾਉਣਾ (ਯੂਹੰਨਾ ਅਧਿਆਇ 11 ਆਇਤ 1 ਤੋਂ ਲੈ ਕੇ 44 ਤੀਕ)

ਜਦੋਂ ਯਿਸੂ ਬੈਤਅਨਿਯਾ ਪਹੁੰਚਿਆ, ਤਾਂ ਯਿਸੂ ਦੇ ਕਰੀਬੀ ਮਿੱਤਰ ਲਾਜ਼ਰ ਨੂੰ ਮੋਏ ਹੋਏ ਚਾਰ ਦਿਨ ਹੋ ਚੁੱਕੇ ਸਨ। ਉਸ ਦੀਆਂ ਭੈਣਾਂ, ਮਾਰਥਾ ਅਤੇ ਮਰਿਯਮ, ਸੋਗ ਵਿੱਚ ਸਨ ਅਤੇ ਉਹਨਾਂ ਨੇ ਮਹਿਸੂਸ ਕੀਤਾ ਕਿ ਹੁਣ ਇੱਕ ਅਚਰਜਕੰਮ ਪ੍ਰਾਪਤ ਕਰਨ ਲਈ ਬਹੁਤ ਦੇਰ ਹੋ ਚੁਕੀ ਸੀ। ਪਰ, ਯਿਸੂ ਨੇ ਮਾਰਥਾ ਨੂੰ ਕਿਹਾ, "ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ ਪਰਤੀਤ ਕਰੇਂ ਤਾਂ ਪਰਮੇਸ਼ੁਰ ਦੀ ਵਡਿਆਈ ਵੇਖੇਂਗੀ?" (ਯੂਹੰਨਾ ਅਧਿਆਇ 11 ਅਇਤ 40)। ਮੁਰਦਿਆਂ ਵਿੱਚੋਂ ਕਿਸੇ ਨੂੰ ਜੀਉਂਦਾ ਕਰਨਾ ਅਸੰਭਵ ਹੋਣ ਦੇ ਬਾਵਜੂਦ, ਯਿਸੂ ਨੇ ਲਾਜ਼ਰ ਨੂੰ ਕਬਰ ਵਿੱਚੋਂ ਬਾਹਰ ਸੱਦਿਆ, ਅਤੇ ਲਾਜ਼ਰ ਜੀਉਂਦਾ ਹੋ ਗਿਆ। ਇਹ ਅਚਰਜਕੰਮ ਯਿਸੂ ਵਿੱਚ ਵਿਸ਼ਵਾਸ ਦੀ ਸ਼ਕਤੀ ਦਾ ਡੂੰਘਾ ਪ੍ਰਦਰਸ਼ਨ ਸੀ।

ਅੱਠਵਾਂ ਉਦਾਹਰਣ. ਪਤਰਸ ਪਾਣੀ ਉੱਤੇ ਤੁਰਦਾ ਹੈ (ਮੱਤੀ **ਅਧਿਆਇ** 14 ਆਇਤਾਂ 22 ਤੋਂ ਲੈ ਕੇ 33 ਤੀਕ)
ਜਦੋਂ ਯਿਸੂ ਬੇੜੀ ਵਿੱਚ ਪਾਣੀ ਉੱਤੇ ਆਪਣੇ ਚੇਲਿਆਂ ਵੱਲ ਤੁਰਿਆ, ਤਾਂ ਪਤਰਸ ਨੇ ਉਸ ਨੂੰ ਪਾਣੀ ਉੱਤੇ ਉਸਦੇ ਕੋਲ ਆਉਣ ਲਈ ਕਿਹਾ। ਯਿਸੂ ਨੇ ਉਸਨੂੰ ਸੱਦਿਆ ਅਤੇ ਪਤਰਸ ਨੇ ਵਿਸ਼ਵਾਸ ਕੀਤਾ, ਉਹ ਬੇੜੀ ਵਿੱਚੋਂ ਉੱਤਰਿਆ ਅਤੇ ਪਾਣੀ ਉੱਤੇ ਯਿਸੂ ਵੱਲ ਤੁਰ ਪਿਆ। ਜਿੰਨਾ ਚਿਰ ਪਤਰਸ ਨੇ ਯਿਸੂ ਉੱਤੇ ਗਿਗਾਹ ਟਿਕਾਈ ਰੱਖੀ, ਉਸ ਨੇ ਅਸੰਭਵ ਨੂੰ ਸੰਭਵ ਬਣਾਇਆ। ਹਾਲਾਂਕਿ, ਜਦੋਂ ਉਹ ਹਵਾ ਅਤੇ ਲਹਿਰਾਂ ਵੇਖ ਕੇ ਡਰਨ ਲੱਗਾ, ਤਾਂ ਉਹ ਡੁੱਬਣ ਲੱਗਾ। ਯਿਸੂ ਤੁਰੰਤ ਉਸ ਨੂੰ ਬਚਾਉਣ ਲਈ ਅੱਗੇ ਵਧਿਆ ਅਤੇ ਕਿਹਾ, "ਹੇ ਥੋੜੀ ਪਰਤੀਤ ਵਾਲਿਆ, ਤੈਂ ਕਿਉਂ ਭਰਮ ਕੀਤਾ?" (ਮੱਤੀ **ਅਧਿਆਇ** 14 ਆਇਤ 31)। ਇਹ ਕਹਾਣੀ ਦਰਸਾਉਂਦੀ ਹੈ ਕਿ ਵਿਸ਼ਵਾਸ ਸਾਨੂੰ ਅਸੰਭਵ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਸ਼ੱਕ ਸਾਨੂੰ ਕਮਜ਼ੋਰ ਕਰ ਸਕਦਾ ਹੈ।

ਇਹਨਾਂ ਉਦਾਹਰਣਾਂ ਨੂੰ ਵਿਸ਼ਵਾਸ ਦੀ ਸ਼ਕਤੀ ਨੂੰ ਦਰਸਾਉਣ ਲਈ ਆਪਣੇ ਉਪਦੇਸ਼ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਇਹ ਦੱਸਿਆ ਜਾ ਸੱਕਦਾ ਹੈ ਕਿ ਕਿਵੇਂ ਸਮੇਂ-ਸਮੇਂ 'ਤੇ ਅਸੰਭਵ ਹਾਲਾਤਾਂ ਨੂੰ ਪਰਮੇਸ਼ੁਰ ਦੀ ਮਹਾਨਤਾ ਦੀ ਗਵਾਹੀ ਵਿੱਚ ਬਦਲਿਆ ਜਾਂਦਾ ਹੈ। ਇਹ ਸ਼ਕਤੀਸ਼ਾਲੀ ਯਾਦਗਾਰ ਵਜੋਂ ਕੰਮ ਕਰਦੇ ਹਨ ਕਿ ਜਦੋਂ ਅਸੀਂ ਪਰਮੇਸ਼ੁਰ ਵਿੱਚ ਭਰੋਸਾ ਕਰਦੇ ਹਾਂ, ਤਾਂ ਸਾਡੇ ਲਈ ਕੋਈ ਵੀ ਰੁਕਾਵਟ ਬਹੁਤ ਵੱਡੀ ਨਹੀਂ ਹੁੰਦੀ, ਅਤੇ ਕੋਈ ਵੀ ਹਲਾਤ ਉਸ ਦੇ ਛੁਟਕਾਰੇ ਦੀ ਸਮਰੱਥਾ ਤੋਂ ਬਾਹਰ ਨਹੀਂ ਹੈ।

ਇਸ ਸੰਦੇਸ਼ ਦਾ ਸਾਰ
ਜਦੋਂ ਅਸੀਂ "ਵਿਸ਼ਵਾਸਿਆਂ ਲਈ ਕੁੱਝ ਵੀ ਅਸੰਭਵ ਨਹੀਂ ਹੈ" ਵਿਸ਼ੇ 'ਤੇ ਮਨਨ ਕਰਦੇ ਹਾਂ, ਤਾਂ ਅਸੀਂ ਵੇਖਦੇ ਹਾਂ ਕਿ ਵਿਸ਼ਵਾਸ ਸਿਰਫ਼ ਭਰੋਸੇ ਦਾ ਮਸਲਾ ਨਹੀਂ, ਸਗੋਂ ਇਹ ਇੱਕ ਸ਼ਕਤੀਸ਼ਾਲੀ ਯੋਗਤਾ ਹੈ, ਜਿਹੜੀ ਸਾਡੀ ਜ਼ਿੰਦਗੀ ਨੂੰ ਬਦਲ ਸਕਦੀ ਹੈ। ਮਰਕੁਸ ਦੀ ਇੰਜੀਲ ਵਿਚ ਮੂਸਾ, ਜ਼ਬੂਰਾਂ ਦੀ ਪੋਥੀ ਦਾ ਲਿਖਾਰੀ, ਪੌਲੁਸ ਅਤੇ ਪਿਤਾ ਦੇ ਉਦਾਹਰਣਾਂ ਦੁਆਰਾ, ਅਸੀਂ ਸਿੱਖਦੇ ਹਾਂ ਕਿ ਵਿਸ਼ਵਾਸ ਸਾਨੂੰ ਸ਼ੱਕ ਨੂੰ ਦੂਰ ਕਰਨ, ਪਰਮੇਸ਼ੁਰ ਦੀ ਸੁਰੱਖਿਆ ਵਿਚ ਭਰੋਸਾ ਰੱਖਣ, ਆਤਮਿਕ ਯੁੱਧ ਵਿਚ ਟਿੱਕੇ ਰਹਿਣ ਅਤੇ ਅਚਰਜਕੰਮਾਂ ਦਾ ਅਨੁਭਵ ਕਰਨ ਦੇ ਯੋਗ ਬਣਾਉਂਦਾ ਹੈ। ਵਿਸ਼ਵਾਸ ਅਸੰਭਵ ਨੂੰ ਖੋਲ੍ਹ ਦੇਣ ਦੀ ਕੁੰਜੀ ਹੈ। ਇਹ ਸਾਨੂੰ ਸਾਡੇ ਦਾਇਰੇ ਤੋਂ ਪਰੇ ਲੈ ਜਾਂਦਾ ਹੈ ਅਤੇ ਸਾਨੂੰ ਪਰਮੇਸ਼ੁਰ ਦੀ ਅਸੀਮਤ ਸ਼ਕਤੀ ਨਾਲ ਜੋੜਦਾ ਹੈ। ਹਾਲਾਂਕਿ ਸਾਡੀ ਨਿਹਚਾ ਹਮੇਸ਼ਾ ਸੰਪੂਰਨ ਨਹੀਂ ਹੋ ਸਕਦੀ, ਪਰ ਜਦੋਂ ਅਸੀਂ ਇਸਨੂੰ ਪਰਮੇਸ਼ੁਰ ਦੇ ਹੱਥਾਂ ਵਿੱਚ ਦਿੰਦੇ ਹਾਂ, ਤਾਂ ਇਹ ਕਾਫ਼ੀ ਹੁੰਦੀ ਹੈ। ਇਸ ਲਈ, ਆਓ ਅਸੀਂ ਅਜਿਹੇ ਵਿਸ਼ਵਾਸ ਦੀ ਵਾਢੀ ਕਰੀਏ, ਜਿਹੜਾ ਪਰਮੇਸ਼ੁਰ ਦੇ ਵਾਅਦਿਆਂ 'ਤੇ ਭਰੋਸਾ ਕਰਦਾ ਹੈ, ਉਸਦੀ ਸ਼ਕਤੀ 'ਤੇ ਭਰੋਸਾ ਕਰਦਾ ਹੈ, ਅਤੇ ਅਸੰਭਵ ਦੀ ਆਸ ਰੱਖਦਾ ਹੈ। ਇਸ ਤਰ੍ਹਾਂ, ਅਸੀਂ ਪਰਮੇਸ਼ੁਰ ਦੀ ਸ਼ਕਤੀ ਨੂੰ ਅਜਿਹੇ ਤਰੀਕਿਆਂ ਨਾਲ ਕੰਮ ਕਰਦੇ ਹੋਏ ਵੇਖਾਂਗੇ , ਜਿਹੜੀ ਸਾਡੀ ਕਲਪਨਾ ਤੋਂ ਪਰੇ ਹੈ।

ਆਓ ਪ੍ਰਾਰਥਨਾ ਕਰੀਏ

ਹੇ ਸੁਰਗੀ ਪਿਤਾ, ਅਸੀਂ ਵਿਸ਼ਵਾਸ ਦੀ ਦਾਤ ਲਈ ਤੇਰਾ ਧੰਨਵਾਦ ਕਰਦੇ ਹਾਂ। ਅਸੀਂ ਸ਼ੁਕਰਗੁਜ਼ਾਰ ਹਾਂ ਕਿ ਵਿਸ਼ਵਾਸ ਦੁਆਰਾ, ਅਸੀਂ ਆਪਣੇ ਜੀਉਣ ਵਿੱਚ ਤੇਰੀ ਸ਼ਕਤੀ ਅਤੇ ਮੌਜੂਦਗੀ ਦਾ ਅਨੁਭਵ ਕਰ ਸਕਦੇ ਹਾਂ। ਤੇਰੇ 'ਤੇ ਪੂਰਾ ਭਰੋਸਾ ਕਰਨ ਵਿੱਚ ਸਾਡੀ ਮਦਦ ਕਰ, ਭਾਵੇਂ ਸਾਨੂੰ ਸ਼ੱਕ ਅਤੇ ਚੁਣੌਤੀਆਂ ਦਾ ਸਾਹਮਣਾ ਹੀ ਕਿਉਂ ਨਾ ਕਰਨਾ ਪਵੇ। ਸਾਡੀ ਨਿਹਚਾ ਨੂੰ ਮਜ਼ਬੂਤ ਕਰ, ਤਾਂ ਜੋ ਅਸੀਂ ਅਜ਼ਮਾਇਸ਼ਾਂ ਦਾ ਸਾਮ੍ਹਣਾ ਕਰ ਸਕੀਏ ਅਤੇ ਅਸੰਭਵ ਨੂੰ ਸਭੰਵ ਬਣਾ ਸਕੀਏ। ਸਾਡੀ ਜ਼ਿੰਦਗੀ ਸੱਚਿਆਈ ਦੀ ਗਵਾਹੀ ਹੋਵੇ ਕਿ ਵਿਸ਼ਵਾਸ ਕਰਨ ਵਾਲਿਆਂ ਲਈ ਕੁੱਝ ਵੀ ਅਸੰਭਵ ਨਹੀਂ ਹੈ। ਯਿਸੂ ਦੇ ਨਾਮ ਵਿੱਚ, ਅਸੀਂ ਪ੍ਰਾਰਥਨਾ ਕਰਦੇ ਹਾਂ। ਆਮੀਨ।